Department of Education
GOVERNMENT OF WESTERN AUSTRALIA

Shaping the future

# ਜੁੜਨਾ ਅਤੇ ਆਦਰ

# ਉਮੀਦਾਂ

## ਸਾਡੇ ਸਕੂਲ ਇਕ ਸੁਰੱਖਿਅਤ, ਸ਼ਮੂਲੀਅਤ ਅਤੇ ਦੇਖਭਾਲ ਕਰਨ ਵਾਲੇ ਸਿੱਖਣ ਦੇ ਵਾਤਾਵਰਣ ਵਿੱਚ ਸਾਰੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਹਨ। ਅਸੀਂ ਵਿਦਿਆਰਥੀ ਦੇ ਸਿੱਖਣ ਦੇ ਨਤੀਜਿਆਂ ਵਿੱਚ ਮਹੱਤਵਪੂਰਨ ਭਾਈਵਾਲਾਂ ਵਜੋਂ ਮਾਪਿਆਂ ਅਤੇ ਪਰਿਵਾਰਾਂ ਨਾਲ ਮਿਲ ਕੇ ਕੰਮ ਕਰਨ ਨੂੰ ਮਹੱਤਵ ਦਿੰਦੇ ਹਾਂ।

ਸਕੂਲ ਸਹਿਯੋਗੀ ਢੰਗ ਨਾਲ ਕੰਮ ਕਰਨ ਦੇ ਮੌਕੇ ਪੈਦਾ ਕਰਨ ਅਤੇ ਵਿਦਿਆਰਥੀਆਂ ਲਈ ਦਿਸ਼ਾ-ਨਿਰਦੇਸ਼ ਨਿਰਧਾਰਤ ਕਰਨ ਲਈ ਸਥਾਨਕ ਭਾਈਚਾਰਿਆਂ ਦੀ ਵਿਭਿੰਨਤਾ ਅਤੇ ਸ਼ਕਤੀਆਂ ਤੋਂ ਤਾਕਤ ਪ੍ਰਾਪਤ ਕਰਦੇ ਹਨ। ਹਰੇਕ ਸਥਾਨਕ ਭਾਈਚਾਰੇ ਨਾਲ ਆਪਸੀ ਸਤਿਕਾਰਯੋਗ ਰਿਸ਼ਤੇ ਬਣਾਉਣਾ ਇਸ ਲਈ ਬੁਨਿਆਦੀ ਗੱਲ ਹੈ।

ਸਕੂਲ ਭਾਈਚਾਰੇ ਵਿੱਚ ਕਈ ਤਰ੍ਹਾਂ ਦੇ ਵਿਅਕਤੀ ਅਤੇ ਸਮੂਹ ਹੁੰਦੇ ਹਨ ਜੋ ਵਿਦਿਆਰਥੀਆਂ ਨੂੰ ਆਤਮਵਿਸ਼ਵਾਸੀ, ਚੰਗੀ ਤਰ੍ਹਾਂ ਪੜ੍ਹੇ-ਲਿਖੇ ਨੌਜਵਾਨ ਬਣਨ ਲਈ ਸਿੱਖਿਅਤ ਕਰਨ ਲਈ ਮਿਲ ਕੇ ਕੰਮ ਕਰਨ ਦੀ ਕੋਸ਼ਿਸ਼ ਕਰਦੇ ਹਨ; ਤਾਂ ਜੋ ਉਹ ਖੁਸ਼ਹਾਲ, ਸਫ਼ਲ ਜੀਵਨ ਜਿਉਣ ਅਤੇ ਸਥਾਨਕ ਅਤੇ ਵਿਸ਼ਵ ਭਾਈਚਾਰਿਆਂ ਵਿੱਚ ਯੋਗਦਾਨ ਪਾਉਣ ਲਈ ਤਿਆਰ ਹੋਣ।

ਸਕੂਲ ਦਾ ਅਮਲਾ ਤੁਹਾਡੇ ਬੱਚਿਆਂ ਦੀਆਂ ਦਿਲਚਸਪੀਆਂ, ਸ਼ਖ਼ਸੀਅਤਾਂ ਅਤੇ ਲੋੜਾਂ ਨੂੰ ਸਮਝਣ ਲਈ ਪਰਿਵਾਰਾਂ ਨਾਲ ਜੁੜੇਗਾ। ਸਾਰੇ ਵਿਦਿਆਰਥੀਆਂ ਨੂੰ ਸੁਰੱਖਿਅਤ ਸਿੱਖਣ ਦੇ ਵਾਤਾਵਰਣ ਦੇ ਅੰਦਰ ਅਤੇ ਤਰੱਕੀ ਅਤੇ ਪ੍ਰਾਪਤੀ ਲਈ ਸਹੀ ਸਹਾਇਤਾ ਦੇ ਨਾਲ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਦੀ ਲੋੜ ਹੁੰਦੀ ਹੈ।

ਤੁਹਾਡੇ ਬੱਚੇ ਦੀ ਸਕੂਲੀ ਸਿੱਖਿਆ ਦੌਰਾਨ ਅਜਿਹੇ ਸਮੇਂ ਆ ਸਕਦੇ ਹਨ ਜਦੋਂ ਵਾਧੂ ਸਹਾਇਤਾ ਦੀ ਲੋੜ ਹੁੰਦੀ ਹੈ, ਜਾਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਤੁਹਾਡਾ ਸਕੂਲ ਇਹਨਾਂ ਮੁੱਦਿਆਂ ਨੂੰ ਉਪਯੋਗੀ ਤਰੀਕੇ ਨਾਲ ਹੱਲ ਕਰਨ ਲਈ ਤੁਹਾਡੀ ਅਤੇ ਤੁਹਾਡੇ ਬੱਚੇ ਦੀ ਸਹਾਇਤਾ ਕਰੇਗਾ ਅਤੇ ਅਸੀਂ ਤੁਹਾਨੂੰ ਜਿੰਨੀ ਜਲਦੀ ਹੋ ਸਕੇ ਚਿੰਤਾਵਾਂ ਨੂੰ ਦੱਸਣ ਲਈ ਉਤਸ਼ਾਹਿਤ ਕਰਦੇ ਹਾਂ।

ਸਾਂਝੀਆਂ ਅਤੇ ਸਤਿਕਾਰਯੋਗ ਉਮੀਦਾਂ ਅਤੇ ਕਦਰਾਂ-ਕੀਮਤਾਂ ਸਾਨੂੰ ਆਪਣੇ ਬੱਚਿਆਂ ਦੇ ਸਰਵੋਤਮ ਹਿੱਤਾਂ ਵਿੱਚ ਮਿਲ ਕੇ ਕੰਮ ਕਰਨ ਦੇ ਯੋਗ ਬਣਾਉਣਗੀਆਂ।

### ਮਾਪੇ ਅਤੇ ਸੰਭਾਲ ਕਰਨ ਵਾਲੇ ਸਾਡੇ ਸਕੂਲਾਂ ਤੋਂ ਕੀ ਉਮੀਦ ਕਰ ਸਕਦੇ ਹਨ

ਤੁਹਾਡੇ ਅਤੇ ਤੁਹਾਡੇ ਸਕੂਲ ਵਿਚਕਾਰ ਸੰਚਾਰ ਤੁਹਾਡੇ ਬੱਚੇ ਦੀ ਸਿੱਖਿਆ ਦਾ ਇਕ ਮਹੱਤਵਪੂਰਨ ਹਿੱਸਾ ਹੈ। ਸਕੂਲੀ ਭਾਈਚਾਰੇ ਖੁੱਲ੍ਹੇ ਸੰਚਾਰ ਨਾਲ ਪ੍ਰਫੁੱਲਤ ਹੁੰਦੇ ਹਨ ਜਿਸ ਵਿੱਚ ਅਮਲੇ, ਵਿਦਿਆਰਥੀਆਂ, ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਚੰਗੀਆਂ ਖ਼ਬਰਾਂ ਸਾਂਝੀਆਂ ਕਰਨ, ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕਰਨ ਅਤੇ ਖੁੱਲ੍ਹੀ ਗੱਲਬਾਤ ਬਣਾਈ ਰੱਖਣ ਦੇ ਮੌਕੇ ਮਿਲਦੇ ਹਨ।

ਸਕੂਲ ਮਿਹਨਤੀ ਅਤੇ ਸਮਰਪਿਤ ਪੇਸ਼ੇਵਰ ਲੋਕਾਂ ਤੋਂ ਬਣੇ ਹੁੰਦੇ ਹਨ ਜੋ ਤੁਹਾਨੂੰ ਸੁਣਨਗੇ, ਦੇਖਭਾਲ ਕਰਨਗੇ ਅਤੇ ਤੁਹਾਡੀਆਂ ਚਿੰਤਾਵਾਂ ਦਾ ਜਵਾਬ ਦੇਣਗੇ ਅਤੇ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਤੁਹਾਡੇ ਨਾਲ ਕੰਮ ਕਰਨਗੇ। ਅਸੀਂ ਪਤਾ ਲਗਾਇਆ ਹੈ ਕਿ ਸਮੇਂ ਦੇ ਨਾਲ ਸਭ ਤੋਂ ਚੁਣੌਤੀਪੂਰਨ ਹਾਲਾਤਾਂ 'ਤੇ ਵੀ ਕੰਮ ਕੀਤਾ ਜਾ ਸਕਦਾ ਹੈ। ਤੁਸੀਂ ਆਪਣੇ ਸਕੂਲ ਤੋਂ ਹੇਠ ਲਿਖਿਆਂ ਵਿੱਚੋਂ ਕੁਝ ਦੀ ਉਮੀਦ ਕਰ ਸਕਦੇ ਹੋ:

- ਸਕੂਲ ਦੁਆਰਾ ਪ੍ਰਵਾਨਿਤ ਚੈਨਲਾਂ ਰਾਹੀਂ ਨਿਯਮਤ ਸੰਚਾਰ
- ਤੁਹਾਡੇ ਬੱਚੇ ਦੀ ਤਰੱਕੀ ਅਤੇ ਪ੍ਰਾਪਤੀ ਬਾਰੇ ਰਿਪੋਰਟਾਂ
- ਤੁਹਾਡੇ ਬੱਚੇ ਦੀਆਂ ਪ੍ਰਾਪਤੀਆਂ ਦਾ ਜਸ਼ਨ
- ਤੁਹਾਡੇ ਬੱਚੇ ਨਾਲ ਸਬੰਧਿਤ ਕਿਸੇ ਵੀ ਗੰਭੀਰ ਇਕੱਲੇ ਮੁੱਦੇ ਜਾਂ ਚੱਲ ਰਹੇ ਮੁੱਦਿਆਂ ਦੀ ਸੂਚਨਾ
- ਜਮਾਤ ਦੇ ਅਧਿਆਪਕ ਨਾਲ ਨਿਸ਼ਚਤ ਕੀਤੇ ਸਮੇਂ 'ਤੇ ਮਿਲਣ ਦੇ ਮੌਕੇ
- ਸਮਾਂ ਤੈਅ ਕਰਕੇ ਅਧਿਆਪਕ ਨਾਲ ਮਿਲਣ ਦੇ ਹੋਰ ਮੌਕੇ
- ਤੁਹਾਡੇ ਬੱਚੇ ਦੀ ਜਮਾਤ ਵਿੱਚ ਮਹੱਤਵਪੂਰਨ ਘਟਨਾਵਾਂ ਬਾਰੇ ਤਾਜ਼ਾ ਜਾਣਕਾਰੀਆਂ
- ਸਕੂਲ ਦੇ ਸਮਾਗਮਾਂ ਲਈ ਸੂਚਨਾਵਾਂ ਜਾਂ ਸੱਦੇ
- ਆਦਰਯੋਗ ਅਤੇ ਉਪਯੋਗੀ ਵਾਪਸੀ ਸੁਝਾਅ ਪ੍ਰਦਾਨ ਕਰਨ ਦੇ ਮੌਕੇ।

## ਸਾਰੇ ਵਿਦਿਆਰਥੀਆਂ ਨੂੰ ਸੁਰੱਖਿਅਤ ਸਿੱਖਣ ਦੇ ਵਾਤਾਵਰਣ ਦੇ ਅੰਦਰ ਗੁਣਵੱਤਾ ਵਾਲੀ ਸਿੱਖਿਆ ਤੱਕ ਪਹੁੰਚ ਦੀ ਲੋੜ ਹੁੰਦੀ ਹੈ।

CC BY

## ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਸਾਡੇ ਸਕੂਲਾਂ ਤੋਂ ਕੀ ਉਮੀਦ ਨਹੀਂ ਕਰਨੀ ਚਾਹੀਦੀ

ਸਾਡੇ ਅਮਲੇ ਦੇ ਪਰਿਵਾਰ ਅਤੇ ਨਿੱਜੀ ਜ਼ਿੰਦਗੀਆਂ ਵੀ ਹਨ, ਅਤੇ ਸਾਰੇ ਪੇਸ਼ੇਵਰਾਂ ਵਾਂਗ, ਆਪਣੇ ਵੱਲੋਂ ਸਭ ਤੋਂ ਵਧੀਆ ਕੰਮ ਕਰਦੇ ਹਨ ਜਦੋਂ ਉਨ੍ਹਾਂ ਕੋਲ ਗੁਣਵੱਤਾ ਵਾਲਾ ਕੰਮ-ਜੀਵਨ ਦਾ ਸੰਤੁਲਨ ਹੁੰਦਾ ਹੈ। ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਇਹ ਉਮੀਦ ਨਹੀਂ ਕਰਨੀ ਚਾਹੀਦੀ:

- ਸਕੂਲ ਦੇ ਅਮਲੇ ਕੋਲੋਂ ਕੰਮ ਦੇ ਘੰਟਿਆਂ ਤੋਂ ਬਾਅਦ ਵਾਪਸੀ ਕਾਲਾਂ ਪ੍ਰਾਪਤ ਕਰਨ ਦੀ
- ਈਮੇਲਾਂ ਦਾ ਜਵਾਬ ਸ਼ਾਮ ਨੂੰ ਜਾਂ ਹਫ਼ਤੇ ਦੇ ਅੰਤ ਵਿੱਚ ਦਿੱਤੇ ਜਾਣ ਦੀ
- ਅਧਿਆਪਕਾਂ ਦੇ ਨਿੱਜੀ ਫ਼ੋਨ ਨੰਬਰਾਂ ਜਾਂ ਈਮੇਲਾਂ ਤੱਕ ਪਹੁੰਚ
- ਸਕੂਲ ਸਮੇਂ ਦੇ ਦੌਰਾਨ, ਬਿਨਾਂ ਮੁਲਾਕਾਤ ਦੇ, ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਮਿਲਣ ਲਈ ਅਮਲੇ ਦਾ ਹਾਜ਼ਰ ਹੋਣਾ
- ਜੇ ਤੁਸੀਂ ਸਕੂਲ ਦੇ ਅਮਲੇ ਨੂੰ ਪਰੇਸ਼ਾਨ ਕੀਤਾ ਹੈ ਜਾਂ ਗੁੱਸੇ ਵਾਲਾ ਵਰਤਾਅ ਕੀਤਾ ਹੈ ਤਾਂ ਸਕੂਲ ਵਿੱਚ ਜਾਣ ਦੀ ਇਜਾਜ਼ਤ ਮੰਗਣੀ।

**ਤੁਹਾਨੂੰ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੇਕਰ:**

- ਤੁਹਾਡੇ ਬੱਚੇ ਦੀ ਅਕਾਦਮਿਕ ਜਾਂ ਸਮਾਜਿਕ ਪ੍ਰਗਤੀ ਬਾਰੇ ਤੁਹਾਡੇ ਕੋਈ ਸ਼ੰਕੇ ਹਨ
- ਡਾਕਟਰੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ ਜਾਂ ਰੋਗ ਦੇ ਹਾਲਾਤਾਂ ਵਿੱਚ ਤਬਦੀਲੀਆਂ ਹੁੰਦੀਆਂ ਹਨ
- ਪਰਿਵਾਰਕ ਹਾਲਾਤਾਂ ਵਿੱਚ ਤਬਦੀਲੀਆਂ ਹੁੰਦੀਆਂ ਹਨ
- ਘਰ ਵਿੱਚ ਸੁਰੱਖਿਆ ਦੇ ਮੁੱਦੇ ਹਨ ਜਾਂ ਵਿਵਹਾਰ ਵਿੱਚ ਤਬਦੀਲੀਆਂ ਹਨ
- ਸਮਾਜਿਕ ਮੁੱਦੇ ਪੈਦਾ ਹੁੰਦੇ ਹਨ ਜੋ ਸਕੂਲ ਵਿੱਚ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਨੂੰ ਪ੍ਰਭਾਵਿਤ ਕਰ ਸਕਦੇ ਹਨ
- ਤੁਸੀਂ ਮੁਲਾਕਾਤ ਤੈਅ ਕਰਨਾ ਜਾਂ ਇਸ ਦਾ ਸਮਾਂ ਬਦਲਣਾ ਚਾਹੁੰਦੇ ਹੋ।

## ਸੰਚਾਰ ਜੋ ਪੜ੍ਹਾਉਣ ਅਤੇ ਸਿੱਖਣ ਵਿੱਚ ਦਖਲ ਅੰਦਾਜ਼ੀ ਕਰਦਾ ਹੈ

- ਅਮਲੇ ਨਾਲ ਬੇਇੱਜ਼ਤੀ ਜਾਂ ਗੁੱਸੇ ਵਾਲੇ ਤਰੀਕੇ ਨਾਲ ਗੱਲ ਕਰਨਾ, ਖਾਸ ਕਰਕੇ ਆਪਣੇ ਬੱਚੇ ਜਾਂ ਹੋਰ ਵਿਦਿਆਰਥੀਆਂ ਦੇ ਸਾਹਮਣੇ
- ਬਿਨਾਂ ਮੁਲਾਕਾਤ ਦੇ ਸਕੂਲ ਦੇ ਸਮੇਂ ਦੌਰਾਨ ਅਮਲੇ ਨੂੰ ਮਿਲਣ ਦੀ ਉਮੀਦ ਕਰਨਾ
- ਸਕੂਲ ਤੋਂ ਪਹਿਲਾਂ ਅਧਿਆਪਕ ਦੀ ਤਿਆਰੀ ਦੇ ਸਮੇਂ ਦੌਰਾਨ ਜਮਾਤ ਦੇ ਕਮਰੇ ਵਿੱਚ ਆਉਣਾ
- ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਅਣਉਚਿਤ ਅਤੇ ਨਿਰਾਦਰੀ ਵਾਲੇ ਤਰੀਕੇ ਨਾਲ ਵਰਤੋਂ ਕਰਨਾ
- ਖ਼ਤਰਨਾਕ ਜਾਂ ਆਲੋਚਨਾ ਵਾਲੀਆਂ ਗੱਪਾਂ
- ਹਰ ਕੋਈ ਸਾਡੇ ਵਿਦਿਆਰਥੀਆਂ ਲਈ ਸੁਰੱਖਿਅਤ, ਸਕਾਰਾਤਮਕ ਸਿੱਖਣ ਦੇ ਵਾਤਾਵਰਣ ਅਤੇ ਮੌਕੇ ਪ੍ਰਦਾਨ ਕਰਨ ਵਿੱਚ ਭੂਮਿਕਾ ਨਿਭਾ ਰਿਹਾ ਹੈ, ਅਸੀਂ ਉਨ੍ਹਾਂ ਨੂੰ ਸਭ ਤੋਂ ਵਧੀਆ ਬਣਨ ਦੇ ਯੋਗ ਬਣਾਉਂਦੇ ਹਾਂ, ਜਿਨ੍ਹਾਂ ਉਹ ਬਣ ਸਕਦੇ ਹਨ।

## ਸੰਚਾਰ ਦੀਆਂ ਵਿਧੀਆਂ

ਇਲੈਕਟ੍ਰੌਨਿਕ ਸੰਚਾਰ, ਜਿਵੇਂ ਕਿ ਈਮੇਲ, ਸੰਚਾਰ ਦੇ ਛੋਟੇ, ਗੈਰ-ਜ਼ਰੂਰੀ ਅਤੇ ਸਕਾਰਾਤਮਕ ਰੂਪਾਂ ਲਈ ਢੁੱਕਵੀਂ ਹੈ। ਇਹ ਵਧੇਰੇ ਗੁੰਝਲਦਾਰ ਜਾਂ ਭਾਵਨਾਤਮਕ ਸਥਿਤੀਆਂ ਲਈ ਉਚਿਤ ਨਹੀਂ ਹੈ। ਇਨ੍ਹਾਂ ਮਾਮਲਿਆਂ ਵਿੱਚ, ਮਾਪਿਆਂ ਨੂੰ ਆਹਮੋ-ਸਾਹਮਣੇ ਮਿਲਣ ਲਈ ਬੇਨਤੀ ਕਰਨੀ ਚਾਹੀਦੀ ਹੈ ਤਾਂ ਜੋ ਮੁੱਦਿਆਂ ਨੂੰ ਉਹ ਸਮਾਂ ਅਤੇ ਧਿਆਨ ਦਿੱਤਾ ਜਾ ਸਕੇ ਜਿਸਦੇ ਉਹ ਹੱਕਦਾਰ ਹਨ। ਜੇ ਸ਼ੱਕ ਹੈ, ਤਾਂ ਆਪਣੇ ਸਕੂਲ ਨਾਲ ਗੱਲ ਕਰੋ।

## ਚਿੰਤਾਵਾਂ ਅਤੇ ਸ਼ਿਕਾਇਤਾਂ

ਜੇ ਤੁਹਾਡੇ ਕੋਈ ਸ਼ੰਕੇ ਹਨ ਤਾਂ ਜਿੰਨੀ ਜਲਦੀ ਹੋ ਸਕੇ ਆਪਣੇ ਸਕੂਲ ਨਾਲ ਸੰਪਰਕ ਕਰੋ। ਜੇ ਤੁਹਾਨੂੰ ਪੱਕਾ ਪਤਾ ਨਹੀਂ ਹੈ ਕਿ ਕਿਸ ਨਾਲ ਗੱਲ ਕਰਨੀ ਹੈ, ਤਾਂ ਤੁਸੀਂ ਆਪਣੇ ਬੱਚੇ ਦੇ ਅਧਿਆਪਕ ਤੋਂ ਸ਼ੁਰੂਆਤ ਕਰ ਸਕਦੇ ਹੋ। ਕੁਝ ਮਾਮਲਿਆਂ ਲਈ, ਤੁਹਾਡੇ ਬੱਚੇ ਦੇ ਜਮਾਤ ਦੇ ਸੰਚਾਲਕ, ਸਕੂਲ ਪ੍ਰਸ਼ਾਸਨ ਦੇ ਅਮਲੇ ਜਾਂ ਪ੍ਰਿੰਸੀਪਲ ਨਾਲ ਸਿੱਧੀ ਗੱਲ ਕਰਨਾ ਉਚਿਤ ਹੋ ਸਕਦਾ ਹੈ।

ਜੇ ਤੁਸੀਂ ਆਪਣੇ ਬੱਚੇ ਦੇ ਸਕੂਲ ਨਾਲ ਸੰਪਰਕ ਕੀਤਾ ਹੈ ਪਰ ਇਸ ਮੁੱਦੇ ਨੂੰ ਹੱਲ ਕਰਨ ਦੇ ਯੋਗ ਨਹੀਂ ਹੋਏ ਹੋ, ਤਾਂ education.wa.edu.au/complaints. ਆਪਣੇ ਵਿਕਲਪਾਂ ਦੀ ਪੜਚੋਲ ਕਰਨ ਲਈ ਸਾਡੀ ਸ਼ਿਕਾਇਤ ਪ੍ਰਕਿਰਿਆ ਨੂੰ ਦੇਖੋ।

# ਸਾਂਝੀਆਂ ਅਤੇ ਸਤਿਕਾਰਯੋਗ ਉਮੀਦਾਂ ਅਤੇ ਕਦਰਾਂ-ਕੀਮਤਾਂ ਸਾਨੂੰ ਆਪਣੇ ਬੱਚਿਆਂ ਦੇ ਸਰਵੋਤਮ ਹਿੱਤਾਂ ਵਿੱਚ ਮਿਲ ਕੇ ਕੰਮ ਕਰਨ ਦੇ ਯੋਗ ਬਣਾਉਣਗੀਆਂ।

CC BY